FOUNDER/PATRON
SACHKHAND NANAK DHAM
INTERNATIONAL
Registered Society No. 109 (India) Registered Charity No. 515484 (UK)
HAZUR MAHRAZ DARSHAN DAS

# "ਹੁਕਮਨਾਮਾ"

ਸਚਖੰਡ ਨਾਨਕ ਧਾਮ ਦੇ
ਸਮੂਹ ਹਜ਼ੂਰੀ ਰਾਗੀਆਂ ਨੂੰ ਹੁਕਮ ਜਾਰੀ ਕੀਤਾ ਜਾਂਦਾ ਹੈ ਕਿ ਕੀਰਤਨ ਦੀ ਸ਼ੁਰੂਆਤ ਕਰਨ ਵਕਤ ਸਭ ਤੋਂ ਪਹਿਲਾਂ ਮੰਗਲਾਚਰਨ ਦਾ ਸ਼ਬਦ:-

ਨਾਨਕ ਸਚ ਹੈ, ਨਾਨਕ ਹੈ ਭੀ ਸਚ,
ਨਾਨਕ ਸਚ ਹੈ, ਨਾਨਕ ਸਦਾ ਹੀ ਸਚ॥

ਬੋਲਿਆ ਜਾਵੇ।

ਉਸ ਤੋਂ ਉਪਰੰਤ "ਅਰਜੋਈ ਨਿਰਾਧਾਰ" ਨੂੰ ਤਰਜ਼ ਵਿਚ ਗਾਇਨ ਕੀਤਾ ਜਾਵੇ। ਫਿਰ "ਯਸ਼ਵੰਤੀ ਨਿਰਾਧਾਰ ਧਾਮ ਪਹਿਲਾਂ" ਦੇ ਨਿਮਤ ਲਿਖਤ ਸ਼ਬਦ ਰਾਗਾਂ ਸਹਿਤ ਗਾਇਨ ਕੀਤੇ ਜਾਣ:-

1. ਤੂ ਠਾਕਰ ਮਾਤ ਪਿਤਾ ਹਮਾਰੇ...... (ਰਾਗ ਭੈਰਉ)
2. ਕਰਮ ਕਰੀਮ ਸੇਵ ਕਮਾਵਾਂ ........ (ਰਾਗ ਗਿਰਦਾਵਰੀ)
3. ਨਾਨਕ ਭਇਓ ਕਿਰਪਾਲ ...... (ਰਾਗ ਦਰਬਾਰੀ)

ਨੋਟ:- ਗੱਦੀ ਉਤੇ ਕੀਰਤਨ ਕਰਨ ਤੋਂ ਪਹਿਲਾਂ ਹਰੇਕ ਰਾਗੀ ਪੰਜ ਇਸ਼ਨਾਨੀ ਜ਼ਰੂਰ ਕਰੇ ਅਤੇ ਕੀਰਤਨ ਦੌਰਾਨ ਸਿਰ ਢਕਿਆ ਹੋਣਾ ਜ਼ਰੂਰੀ ਹੈ।

ਕੀਰਤਨ ਕਰਨ ਵਾਲੇ ਹਰ ਸੇਵਕ ਨੂੰ ਪੂਰੀ ਵਰਦੀ ਵਿਚ ਹੋਣਾ ਲਾਜ਼ਮੀ ਹੈ।

# "ਯਸ਼ਵੰਤੀ ਨਿਰਾਧਾਰ ਧਾਮ ਪਹਿਲਾ"

ਤੂ ਠਾਕਰ ਮਾਤ ਪਿਤਾ ਹਮਾਰੇ ॥

ਮਨ ਮੋਹ ਤਘ ਛੂਟ ਜਾਏ,
ਜਾ ਸਤਿਗੁਰ ਕਿਰਪਾ ਧਾਰੇ ॥

ਗੁਰ ਕੀ ਸੇਵਾ ਨਾਮ ਕਮਾਵਾਂ,
ਸਤਿਗੁਰ ਅਪਨੇ ਬਲਿ ਬਲਿ ਜਾਵਾਂ ॥

ਸਿਮਰ ਸਿਮਰ ਪ੍ਰਭ ਅਪਨਾ,
ਕੋਟ ਜਨਮ ਕੀ ਮੈਲ ਗਵਾਵਾਂ ॥

ਗੁਰ ਕਿਰਪਾ ਸੁਖੀ ਜਨ ਸੋਏ,
ਪਾਰਬ੍ਰਹਮ ਦਇਆਲ ਹੋਏ ॥

ਗੁਰ ਗਿਆਨ ਪ੍ਰਗਟੈ ਤਾਂ ਜੀਵਾਂ,
'ਦਰਸ਼ਨ' ਪ੍ਰੇਮ ਮਿਲੇ ਤਾਂ ਥੀਵਾਂ ॥

ਲੇਕਿਨ ਸ਼ਬਦ ਕਦੇ ਵੀ ਅਧ ਵਿਚ ਨਹੀਂ ਛਡਣਾ, ਉਸ ਉਪਰੰਤ ਫਿਰ 'ਅਰਜ਼ੋਈ' ਕਰਨੀ ਹੈ। ਜਦ ਗੱਦੀ ਲਗ ਜਾਵੇ ਤਾਂ "ਸਰੋਂ ਦੇ ਤੇਲ ਦੀ ਜੋਤ ਜਗਾਈ ਜਾਵੇ" ਜਿਹੜੀ ਪ੍ਰੋਗਰਾਮ ਖਤਮ ਹੋਣ ਤਕ ਜਗਦੀ ਰਹੇ ਔਰ ਜਿਸ ਵਕਤ ਗੱਦੀ ਲਗ ਜਾਵੇ ਤਾਂ ਸਤਿਸੰਗ ਹਾਲ ਅੰਦਰ ਅਗਰਬਤੀਆਂ ਲਗਾ ਕੇ ਪੰਜ ਮਿੰਟ ਤਕ ਪੂਰਨ ਤੌਰ ਤੇ ਹਾਲ ਬੰਦ ਕਰ ਦਿਤਾ ਜਾਵੇ। ਇਸਦੇ ਨਾਲ ਨਾਲ ਹਰ ਡੇਰੇ ਵਿਚ ਹੀ ਗੱਦੀ ਲਾਗੇ ਸਰੋਂ ਦੇ ਤੇਲ ਦੀ "ਅਖੰਡ ਜੋਤ" ਜਗਾਉਣੀ ਲਾਜ਼ਮੀ ਹੈ ਔਰ ਜਿਥੇ ਕਿਤੇ ਵੀ ਬਾਹਰ ਸਤਿਸੰਗ ਹੋਵੇ ਤਾਂ ਗੱਦੀ ਦੇ ਸਜੇ ਪਾਸੇ ਚਾਰ ਰੰਗਾਂ ਵਾਲਾ ਨਿਸ਼ਾਨ ਸਾਹਿਬ ਜ਼ਰੂਰ ਝੁਲਣਾ ਚਾਹੀਦਾ ਹੈ।

6.

# ਗੱਦੀ ਦੀ ਰਹਿਤ :—

ਜਿਸ ਜਗ੍ਹਾ ਤੇ ਵੀ ਬਾਹਰ ਕਿਤੇ ਸਚਖੰਡ-ਨਾਨਕ ਧਾਮ ਵਲੋਂ ਮਹਾਰਾਜ ਜੀ ਦਾ ਸਤਿਸੰਗ ਅਯੋਜਿਤ ਕੀਤਾ ਜਾਵੇ ਉਥੇ ਨਿਮਨ ਲਿਖਤ ਰਹਿਤ ਅਨੁਸਾਰ ਹਜ਼ੂਰ ਦੀ ਗੱਦੀ ਦੀ ਸੇਵਾ ਕੀਤੀ ਜਾਵੇ।

ਜਿਸ ਵੀ ਹਾਲ ਜਾਂ ਪੰਡਾਲ ਵਿਚ ਸਤਿਸੰਗ ਹੋਣਾ ਹੈ ਉਸਨੂੰ ਸਭ ਤੋਂ ਪਹਿਲੋਂ ਸਾਫ਼ ਕੀਤਾ ਜਾਵੇ ਔਰ ਉਸ ਉਪਰੰਤ ਗੱਦੀ ਦੀ ਸੇਵਾ ਤੋਂ ਪਹਿਲੋਂ ਸਾਰੇ ਹਾਲ ਵਿਚ ਕੱਚੀ ਲੱਸੀ ਦਾ ਛਿੱਟਾ ਦਿਤਾ ਜਾਵੇ।

ਜੋ ਸੇਵਾਦਾਰ ਗੱਦੀ ਦੀ ਸੇਵਾਦਾਰੀ ਵਿਚ ਸ਼ਾਮਲ ਹੁੰਦੇ ਹਨ ਉਹਨਾਂ ਨੂੰ ਕੁਝ ਖਾਸ ਹਦਾਇਤਾਂ ਹਨ, ਜੋ ਕਿ ਇਸ ਪ੍ਰਕਾਰ ਹਨ :—

(ੳ) ਗੱਦੀ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਦਾ ਵਰਦੀ ਵਿਚ ਹੋਣਾ ਜਰੂਰੀ ਹੈ।

(ਅ) ਸੇਵਾ ਕਰਨ ਤੋਂ ਪਹਿਲੋਂ ਉਹ ਪੰਜ ਇਸ਼ਨਾਨਾਂ ਜਰੂਰ ਕਰਨ।

# ਗੱਦੀ ਦੀ ਵਛਾਈ :—

ਕੱਚੀ ਲੱਸੀ ਦਾ ਛਿੱਟਾ ਦੇਣ ਉਪਰੰਤ ਪੰਜਵਾਰ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਦਾ ਮੁਖਵਾਕ ਬੋਲਿਆ ਜਾਵੇ, ਬਾਅਦ ਵਿਚ "ਅਰਜ਼ੋਈ" ਔਰ ਫਿਰ ਪੰਜ ਵਾਰ "ਨਾਨਕ ਨਾਮ—ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਦਾ ਮੁਖਵਾਕ ਬੋਲਿਆ ਜਾਵੇ।

ਜਦ ਗੱਦੀ ਦੀ ਸੇਵਾ ਸ਼ੁਰੂ ਕੀਤੀ ਜਾਵੇ ਤਾਂ ਮਹਾਰਾਜ ਜੀ ਦੀ ਰਚਨਾ "ਜਸ਼ਵੰਤੀ ਨਿਰਾਧਾਰ ਧਾਮ ਪਹਿਲਾ" ਦੇ ਨਿਮਨ ਲਿਖਤ ਸ਼ਬਦ ਦਾ ਸੇਵਾਦਾਰਾਂ ਨੇ ਉਦੋਂ ਤਕ ਜਾਪ ਕਰਨਾ ਹੈ, ਜਿਨਾ ਚਿਰ ਤਕ ਗੱਦੀ ਦੀ ਸੇਵਾ ਮੁਕੰਮਲ ਨਾ ਹੋ ਜਾਵੇ।

SACHKHAND NANAK DHAM
INTERNATIONAL

REGISTERED SOCIETY No 109 (INDIA) REGISTERED CHARITY No 515484 (U.K.)
11 CHURCH HILL ROAD, HANDSWORTH, BIRMINGHAM B20 3TP Tel: 021-554 2422

ਧੰਨ ਨਾਨਕ

10th NOV 85
SUNDAY
6.25 PM

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ

" ਹੁਕਮ ਨਾਮਾ "

ਹੁਕਮੇ ਹਜ਼ੂਰ ਹੈ ਕਿ ਜਿਥੇ ਸਚਖੰਡ ਨਾਨਕ ਧਾਮ ਵਲੋਂ ਡੇਰੇ ਸਥਾਪਨ ਕੀਤੇ ਜਾਵਣਗੇ, ਅਤੇ ਦਰਬਾਰ-ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇਗਾ -

" ਉਥੇ "

1. ਕੇਸਰੀ ਨਿਸ਼ਾਨ ਸਾਹਿਬ
ਅਤੇ
2. ਸੁਨੈਹਰ ਨਿਸ਼ਾਨ ਸਾਹਿਬ
} ਲਗਾਏ ਜਾਵਣਗੇ

ਜਿਥੇ ਦਾਸ ਧਰਮ ਕਮੇਟੀਆਂ ਸਤ ਸੰਗ ਭਵਨ ਬਣਾਉਣ ਗੀਆਂ ਉਥੇ ਚਾਰ ਰੰਗਾ ਦਾ ਝੰਡਾ ਲਗਾਇਆ ਜਾਵੇਗਾ

1. ਲਾਲ ਰੰਗ
2. ਕੇਸਰੀ ਰੰਗ
3. ਸੁਨੈਹਰ ਰੰਗ
4. ਹਰਾ ਰੰਗ

11.11.85

SACHKHAND NANAK DHAM
INTERNATIONAL
REGISTERED SOCIETY No. 109 (INDIA) REGISTERED CHARITY No. 515484 (U.K.)
11 CHURCH HILL ROAD, HANDSWORTH, BIRMINGHAM B20 3TP Tel: 021-554 2422

DATE: 11TH NOVEMBER 1985.

## HUKAM-E-HAZUR

IT HAS BEEN DECREED THIS DAY 10TH NOVEMBER 1985, THAT WHENEVER SACHKHAND NANAK DHAM ESTABLISHES A DERA, WITH THE DARBAR SAHIB PARKASH, THEREIN, 2 NISHAN SAHIBS ARE TO BE DISPLAYED - ONE SAFFRON AND ONE WHITE.

SECONDLY, WHENEVER DAS DHARAM SEWA COMMITTEE SATSANG BHAWAN-'S ARE ESTABLISHED, THEREIN A 4 COLOURED FLAG IS TO BE DISPLAYED. THE COLOURS ARE RED, SAFFRON, WHITE AND GREEN, ILLUSTRATED OVERLEAF.

DAS DEVI CHAND
PRESIDENT.